# Telephone conversation between PM and President of Brazil

April 04, 2020

## ਪ੍ਰਧਾਨ ਮੰਤਰੀ ਅਤੇ ਬ੍ਰਾਜ਼ੀਲੀ ਰਾਸ਼ਟਰਪਤੀ ਵਿਚਾਲੇ ਹੋਈ ਟੈਲੀਫੋਨ 'ਤੇ ਗੱਲਬਾਤ

04 ਅਪ੍ਰੈਲ, 2020

ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਨੇ ਅੱਜ ਬ੍ਰਾਜ਼ੀਲ ਦੇ ਰਾਸ਼ਟਰਪਤੀ ਮਹਾਮਹਿਮ ਜੈੱਰ ਮੇਸੀਅਸ ਬੋਲਸੋਨਾਰੋ ਨਾਲ ਟੈਲੀਫੋਨ 'ਤੇ ਗੱਲਬਾਤ ਕੀਤੀ। ਦੋਨਾਂ ਨੇਤਾਵਾਂ ਨੇ ਕੋਵਿਡ -19 ਮਹਾਂਮਾਰੀ ਦੇ ਫੈਲਾਅ ਦੇ ਪਿਛੋਕੜ 'ਚ ਆਲਮੀ ਹਾਲਤ ਬਾਰੇ ਚਰਚਾ ਕੀਤੀ।

ਪ੍ਰਧਾਨ ਮੰਤਰੀ ਨੇ ਕੋਵਿਡ -19 ਕਾਰਨ ਬ੍ਰਾਜ਼ੀਲ ਵਿੱਚ ਹੋਏ ਜਾਨੀ ਨੁਕਸਾਨ 'ਤੇ ਆਪਣਾ ਸੋਗ ਪ੍ਰਗਟਾਇਆ। ਉਨ੍ਹਾਂ ਨੇ ਕਿਹਾ ਕਿ ਇਸ ਸਮੇਂ ਹਰ ਭਾਰਤੀ ਦੀਆਂ ਅਰਦਾਸਾਂ ਬ੍ਰਾਜ਼ੀਲ ਦੇ ਦੋਸਤਾਨਾ ਲੋਕਾਂ ਨਾਲ ਹਨ।

ਦੋਨਾਂ ਨੇਤਾਵਾਂ ਨੇ ਕੋਵਿਡ -19 ਨਾਲ ਪੈਦਾ ਹੋਏ ਗੰਭੀਰ ਸੰਕਟਾਂ ਦਾ ਹੱਲ ਕੱਢਣ ਲਈ ਭਾਰਤ ਅਤੇ ਬ੍ਰਾਜ਼ੀਲ ਵਿਚਾਲੇ ਦੁਵੱਲੇ ਅਤੇ ਬਹੁਪੱਖੀ ਸੰਸਥਾਗਤ ਢਾਂਚੇ ਅੰਦਰ ਨੇੜਲੇ ਸਹਿਯੋਗ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਕੋਵਿਡ ਤੋਂ ਬਾਅਦ ਦੀ ਦੁਨਿਆ ਲਈ ਭੂਮੰਡਲੀਕਰਣ ਦਾ ਨਵਾਂ ਮਨੁੱਖ-ਕੇਂਦਰਤ ਸਿਧਾਂਤ ਘੜਨ ਦੀ ਲੋੜ 'ਤੇ ਸਹਿਮਤੀ ਦਾ ਇਜ਼ਹਾਰ ਕੀਤਾ।

ਪ੍ਰਧਾਨ ਮੰਤਰੀ ਨੇ ਇਸ ਔਖੀ ਘੜੀ ਵਿੱਚ ਬ੍ਰਾਜ਼ੀਲ ਦੇ ਰਾਸ਼ਟਰਪਤੀ ਨੂੰ ਹਰ ਸੰਭਵ ਮਦਦ ਦੇਣ ਦਾ ਭਰੋਸਾ ਦਿੱਤਾ। ਉਨ੍ਹਾਂ ਇਸ ਗੱਲ 'ਤੇ ਸਹਿਮਤੀ ਪ੍ਰਗਟਾਈ ਕਿ ਉਨ੍ਹਾਂ ਦੇ ਅਧਿਕਾਰੀ ਕੋਵਿਡ -19 ਦੇ ਹਾਲਾਤ ਅਤੇ ਇਸ ਤੋਂ ਪੈਦਾ ਹੋ ਰਹੀਆਂ ਚੁਣੌਤੀਆਂ ਬਾਰੇ ਨਿਯਮਤ ਸੰਪਰਕ ਬਣਾਈ ਰੱਖਣਗੇ।

ਇਸ ਸਾਲ ਮਨਾਏ ਗਏ ਭਾਰਤ ਦੇ 70ਵੇਂ ਗਣਤੰਤਰ ਦਿਵਸ ਸਮਾਰੋਹਾਂ ਵਿੱਚ ਬ੍ਰਾਜ਼ੀਲੀ ਰਾਸ਼ਟਰਪਤੀ ਦੇ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਣ ਨੂੰ ਧੰਨਵਾਦਪੂਰਵਕ ਯਾਦ ਕਰਦੇ ਹੋਏ ਪ੍ਰਧਾਨ ਮੰਤਰੀ ਨੇ ਭਾਰਤ-ਬ੍ਰਾਜ਼ੀਲ ਦੋਸਤੀ ਦੀ ਵੱਧ ਰਹੀ ਮਜ਼ਬੂਤੀ ’ਤੇ ਖੁਸ਼ੀ ਦਾ ਪ੍ਰਗਟਾਅ ਕੀਤਾ। ਉਨ੍ਹਾਂ ਨੇ ਪਿਛਲੇ ਸਾਲ BRICS ਦੀ ਅਗਵਾਈ ਕਰਨ ਲਈ ਵੀ ਬ੍ਰਾਜ਼ੀਲ ਦਾ ਸ਼ੁਕਰੀਆ ਅਦਾ ਕੀਤਾ।

ਨਵੀਂ ਦਿੱਲੀ
04 ਅਪ੍ਰੈਲ, 2020

DISCLAIMER : This is an approximate translation. The original is available in English on MEA’s website and may be referred to as the official press release.